ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ, ਸਅਸ ਨਗਰ।

(ਟ੍ਰਾਂਸਫ਼ਰ ਸੈਲ-2022)

EMAIL ID: dpieetransfercell2022@gmail.com

ਵੱਲ:

1. ਸਮੂਹ ਜਿਲਾ ਸਿੱਖਿਆ ਅਫਸਰ (ਐਸਿ), ਪੰਜਾਬ
2. ਸਮੂਹ ਬੀ.ਪੀ.ਈ.ਓਜ਼।

ਮੀਮੋ ਨੰ: ਟ੍ਰਾਂਸਫਰਸੈਲ/2022/333159/08

ਮਿਤੀ:ਸਅਸ ਨਗਰ: 30/06/2022.

ਵਿਸ਼ਾ: ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕਾਂ ਵੱਲੋਂ ਅਪਡੇਟ ਕੀਤੇ ਗਏ ਡਾਟੇ ਨੂੰ ਡੀ.ਡੀ.ਓ./ਸਕੂਲ ਮੁੱਖੀ ਵੱਲੋਂ ਤਸਦੀਕ ਕਰਨ ਬਾਰੇ।

ਹਵਾਲਾ: ਇਸ ਦਫ਼ਤਰ ਦੇ ਮੀਮੋ ਨੰ:ਟ੍ਰਾਂਸਫਰਸੈਲ/2022/333159/07 ਮਿਤੀ 27.06.2022 ਦੇ ਸਬੰਧ ਵਿੱਚ।

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ;11/35/2018-1edu6/1508658, ਮਿਤੀ 25.06.2019 ਰਾਹੀ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ-ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ, (ਐਸਿ), ਪੰਜਾਬ ਦੇ ਮੀਮੋ ਨੰ;SSA/HR/Transfer/2020/118750 ਮਿਤੀ 22/05/2020 ਰਾਹੀਂ ਸਮੂਹ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼ ਲਈ ਬਦਲੀ ਦੀ ਪਾਲਿਸੀ ਜਾਰੀ ਕੀਤੀ ਗਈ ਸੀ। ਜੋ ਸੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਸਨ, ਉਹ ਸਮੂਹ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼ ਲਈ ਵੀ ਲਾਗੂ ਹੋਣਗੀਆਂ।

3.0 ਵਿਭਾਗ ਦੇ ਮੀਮੋ ਨੰ;ਟ੍ਰਾਂਸਫਰਸੈਲ/2022/397 ਮਿਤੀ 26/05/2022 ਅਤੇ ਮੀਮੋ ਨੰ; ਟ੍ਰਾਂਸਫਰਸੈਲ/2022/01 ਮਿਤੀ 01/06/2022 ਰਾਹੀਂ ਯੋਗ ਪ੍ਰਾਇਮਰੀ ਵਿੰਗ ਨਾਲ ਸਬੰਧਤ ਦਰਖਾਸਤਕਰਤਾਵਾਂ ਤੋਂ ਬਦਲੀ ਲਈ ਬੇਨਤੀਆਂ epunjabschool portal ਤੋਂ ਆਪਣੇ Login ID ਰਾਹੀਂ ਕਰਨ ਲਈ ਜਨਤਕ ਸੂਚਨਾ (Public Notice) ਜਾਰੀ ਕੀਤਾ ਗਿਆ ਸੀ। ਜਿੰਨ੍ਹਾਂ ਯੋਗ ਦਰਖਾਸਤਕਰਤਾਵਾਂ ਨੇ ਬਦਲੀ ਲਈ ਪ੍ਰਤੀਬੇਨਤੀ ਦਿੱਤੀ ਸੀ ਉਨ੍ਹਾਂ ਵੱਲੋਂ epunjabschool portal ਤੇ Login ਕਰਕੇ ਬਦਲੀ ਲਈ Station Choice ਮਿਤੀ 21/06/2022 ਤੋਂ 23/06/2022 ਤੱਕ ਕੀਤੀ ਗਈ ਸੀ।

4.0 ਵਿਭਾਗ ਦੇ ਮੀਮੋ ਨੰ:ਟ੍ਰਾਂਸਫਰਸੈਲ/2022/333159/07 ਮਿਤੀ 27.06.2022 ਤਹਿਤ ਵਾਂਝੇ ਰਹਿ ਗਏ ਅਧਿਆਪਕਾਂ ਅਤੇ ਜਿੰਨ੍ਹਾਂ ਵੱਲੋਂ ਬਦਲੀ ਲਈ ਪਹਿਲਾਂ ਅਪਲਾਈ ਕੀਤਾ ਗਿਆ ਸੀ, ਨੂੰ ਮੁੱੜ ਤੋਂ ਬਦਲੀਆਂ ਲਈ ਅਪਲਾਈ ਕਰਨ ਦਾ ਸੱਦਾ ਦਿੱਤਾ ਗਿਆ ਸੀ।

5.0 ਇਸ ਮੰਤਵ ਲਈ ਮਿਤੀ 27/06/2022 ਤੋਂ 29/06/2022 ਤੱਕ ਦਰਖਾਸਤ ਕਰਤਾਵਾਂ ਤੋਂ ਮੁੜ ਤੋਂ ਬਦਲੀਆਂ ਲਈ ਪ੍ਰਤੀਬੇਨਤੀਆਂ ਮੰਗੀਆਂ ਗਈਆਂ ਸਨ ਅਤੇ ਉਨ੍ਹਾਂ ਵੱਲੋਂ ਆਪਣੇ ਵੇਰਵੇ ਅਪਲੋਡ ਕਰਨ ਲਈ ਲਿਖਿਆ ਗਿਆ ਸੀ।

6.0 ਦਰਖਾਸਤ ਕਰਤਾਵਾਂ ਵੱਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਗਿਆ ਹੈ ਉਸ ਦੀ ਤਸਦੀਕ ਸਕੂਲ ਮੁੱਖੀ/ਡੀ.ਡੀ.ਓ. ਵੱਲੋਂ **ਮਿਤੀ 30/06/2022 ਤੋਂ 02/07/2022 ਤੱਕ** ਕੀਤੀ ਜਾਣੀ ਹੈ। ਇਸ ਮੰਤਵ ਲਈ ਸਕੂਲ ਮੁੱਖੀ/ਡੀ.ਡੀ.ਓ. ਈ-ਪੰਜਾਬ ਪੋਰਟਲ ਤੇ login ਕਰਕੇ Staff Menu ਵਿੱਚ ਦਿੱਤੇ ਲਿੰਕ Transfer & Verification ਤੇ ਜਾ ਕੇ ਦਰਖਾਸਤਕਰਤਾ ਵੱਲੋਂ ਭਰੇ ਡਾਟੇ ਦੀ ਵੈਰੀਫਿਕੇਸ਼ਨ ਕਰਨਗੇ। ਵੈਰੀਫਿਕੇਸ਼ਨ ਉਪਰੰਤ ਜੇਕਰ ਰਿਕਾਰਡ ਅਨੁਸਾਰ ਬਿਨੈਕਾਰ ਦੇ ਡਾਟੇ ਵਿੱਚ ਕੋਈ ਵੀ ਤਰੁੱਟੀ ਪਾਈ ਜਾਂਦੀ ਹੈ ਤਾਂ ਸਕੂਲ ਮੁੱਖ/ਡੀ.ਡੀ.ਓ. ਉਸ ਨੂੰ ਰਿਕਾਰਡ ਦੇ ਅਧਾਰ ਤੇ ਦਰੁਸਤ ਕਰਨਾ ਯਕੀਨੀ ਬਨਾਉਣਗੇ। ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕਾਂ ਵੱਲੋਂ ਬਦਲੀ ਲਈ ਅਪਲਾਈ ਕਰਨ ਉਪਰੰਤ ਡੀ.ਡੀ.ਓ./ਸਕੂਲ ਮੁੱਖੀ ਵੱਲੋਂ ਵੇਰਵਿਆਂ ਦੀ ਪੁਸ਼ਟੀ ਕਰਦੇ ਹੋਏ ਹੀ ਡਾਟਾ Approve ਕੀਤਾ ਜਾਵੇਗਾ ਅਤੇ ਜੇਕਰ ਬਾਅਦ ਵਿੱਚ ਵਿਭਾਗ ਦੇ ਧਿਆਨ ਵਿੱਚ ਅਧਿਆਪਕਾਂ ਵੱਲੋਂ ਭਰੇ ਡਾਟੇ ਜਾਂ ਸਬੰਧਤ ਡੀ.ਡੀ.ਓ./ਸਕੂਲ ਮੁੱਖੀ ਵੱਲੋਂ ਅਪਰੂਵ ਕੀਤੇ ਡਾਟੇ ਵਿੱਚ ਕਿਸੇ ਤਰ੍ਹਾਂ ਦੀ ਉਨਤਾਈ ਪਾਈ ਜਾਂਦੀ ਹੈ ਤਾਂ ਡੀ.ਡੀ.ਓ./ਸਕੂਲ ਮੁੱਖੀ/ਅਧਿਆਪਕਾਂ ਵਿਰੁੱਧ Teacher Transfer Policy-2019 ਦੀ ਮੱਦ 10(i) ਤਹਿਤ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ।

ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ